# ਯੀਸ਼ੂ ਨੇ ਸਿੱਖਣ ਵਾਲੇ ਆਂਗੂਆਂ ਨੂੰ ਇੰਜ ਸਿਖਾਇਆ, ਖੁੱਦ ਨੀਵਾਂ ਹੋ ਕੇ ਉਨ੍ਹਾਂ ਦੀ ਸੇਵਾ ਕਰਕੇ।

**ਪ੍ਰਥਨਾ:** ''ਪਿਆਰੇ ਪਰਮੇਸ਼ਵਰ ਬੇਨਤੀ ਕਰਕੇ ਬੱਚਿਆਂ ਦੀ ਮੱਦਦ ਕਰੋ ਕਿ ਉਹ ਦੂਜਿਆਂ ਦੀ ਸੇਵਾ ਆਪਣੇ ਆਪ ਨੂੰ ਨੀਵਾ ਕਰਕੇ ਕਰਨ, ਜਿਵੇ ਯੀਸ਼ੂ ਨੇ ਕੀਤਾ, ਜਦੌਂ ਉਹਨੇ ਆਪਣੇ ਚੇਲਿਆਂ ਦੇ ਪੈਰ ਧੋਤੇ, ਉਨ੍ਹਾਂ ਨੂੰ ਇੱਕ ਉਦਾਹਰਣ ਦੇਣ ਵਾਸਤੇ।''

ਇਹੋ ਜਿਹੀਆਂ ਚੀਜ਼ਾਂ ਚੁਣੋ, ਜਿਹੜੀਆਂ ਬੱਚਿਆਂ ਦੀ ਉਮਰ ਅਤੇ ਲੌੜਾਂ ਨੂੰ ਪੂਰਾ ਕਰਦੀਆਂ ਹਨ।

ਹੁਣ ਇੱਕ ਵੱਡਾ ਬੱਚਾ ਜਾਂ ਅਧਿਆਪਕ ਪੜ੍ਹ ਕੇ ਜਾਂ ਯਾਦ ਕਰਕੇ ਦੱਸੇ, ਯਹੂੰਨਾ 13:1–17 ਵਿੱਚ ਕਹਾਣੀ, ਕਿਵੇ ਯੀਸ਼ੂ ਨੇ ਆਪਣੇ ਚੇਲਿਆਂ ਨੂੰ ਸਿਖਾਇਆ ਕਿ ਕਿਵੇਂ ਦੂਜਿਆਂ ਦੀ ਸੇਵਾ, ਆਪਣੇ ਆਪ ਨੂੰ ਨੀਵਾਂ ਕਰਕੇ ਕਰਨੀ ਹੈ।

**ਸਮਝਾਉ,**

- ਯੀਸ਼ੂ ਨੇ ਆਪਣੇ ਚੇਲਿਆਂ ਨੂੰ ਉਦਾਹਰਣਾ ਦੁਆਰਾ ਸਿਖਾਇਆ।
- ਯੀਸ਼ੂ ਨੇ ਉਨ੍ਹਾਂ ਦੀ ਸੇਵਾ ਨਿਉ ਕੇ ਇੱਕ ਸੇਵਾਦਾਰ ਵਾਂਗ ਕੀਤੀ, ਅਤੇ ਦਿਖਾਇਆ ਕਿ ਉਨ੍ਹਾਂ ਨੇ ਕਿਵੇ ਦੂਜਿਆਂ ਦੀ ਸੇਵਾ ਕਰਨੀ ਹੈ।

ਆਖੋ *(ਉੱਤਰ ਹਰੇਕ ਪ੍ਰਸ਼ਨ ਦੇ ਬਾਦ ਆਉਦਾ ਹੈ)*

- ਕਿੰਨੇ ਸਮੇ ਤੱਕ ਯੀਸ਼ੂ ਨੇ ਆਪਣੇ ਚੇਲਿਆਂ ਨੂੰ ਪਿਆਰ ਕੀਤਾ? *(ਆਇਤ ਯਹੂੰਨਾ 13:1)*
- ਯੀਸ਼ੂ ਨੇ ਆਪਣੇ ਚੇਲਿਆਂ ਦੀ ਸੇਵਾ ਕਿਸ ਤਰ੍ਹਾਂ ਕੀਤੀ? *(ਆਇਤ 5)*
- ਕਿ ਯੀਸ਼ੂ ਜਾਣਦਾ ਸੀ ਕਿ ਯਹੂੰਦਾ ਛੇਤੀ ਹੀ ਉਹਦੇ ਨਾਲ ਧੋਖਾ ਕਰੇਗਾਂ? *(ਆਇਤ 11)*
- ਕਿਸ ਤਰੀਕੇ ਨਾਲ ਯੀਸ਼ੂ ਨੇ ਆਪਣੇ ਆਂਗੂਆਂ ਨੂੰ ਸਿਖਾਇਆ ਕਿ ਇੱਕ ਦੂਜੇ ਦੀ ਸੇਵਾ ਦੀਨਤਾ ਨਾਲ ਕਰਨੀ ਹੈ? *(ਆਇਤ 15)*
- ਸਾਡੇ ਵਾਸਤੇ ਪਰਮੇਸ਼ਵਰ ਕੀ ਕਰੇਗਾਂ ਜਦੌਂ ਅਸੀ ਦੂਜਿਆਂ ਦੀ ਸੇਵਾ ਦੀਨਤਾ ਨਾਲ ਕਰਾਂਗੇ? *(ਆਇਤ 17)*



(ਯਹੂੰਨਾ 13:1–17) ਵਿੱਚ ਯੀਸ਼ੂ, ਦੂਜਿਆਂ ਦੇ ਪੈਰ ਧੋਂਦਾ ਹੈ, ਦੀ ਕਹਾਣੀ ਦਾ ਨਾਟਕ ਤਿਆਰ ਕਰੋ। ਅਰਾਧਨਾ ਦੇ ਅਗਵੇ ਨਾਲ ਮਿਲ ਕੇ ਬੱਚਿਆਂ ਨੂੰ ਇਹ ਨਾਟਕ ਪੇਸ਼ ਕਰਨ ਦੀ ਤਿਆਰੀ ਕਰੋਂ। ਸਿਖਾਉਣ ਵਾਲੇ ਆਪਣੇ ਵੇਲੇ ਦਾ ਇਸਤੇਮਾਲ ਬੱਚਿਆਂ ਨੂੰ ਨਾਟਕ ਦੀ ਤਿਆਰੀ ਕਰਾਉਣ ਵਿੱਚ ਕਰਨ। ਤੁਹਾਨੂੰ ਹਰ ਹਿੱਸੇ ਇਸਤੇਮਾਲ ਕਰਨ ਦੀ ਲੌੜ ਨਹੀ ਹੈ। ਵੱਡੇ, ਬੱਚੇ, ਛੌਟਿਆਂ ਦੀ ਤਿਆਰੀ ਵਿੱਚ ਮੱਦਦ ਕਰਨ।

- ਵੱਡੇ ਬੱਚੇ ਜਾ ਬਾਲਿਗ ਇਨ੍ਹਾਂ ਹਿੱਸਿਆਂ ਨੂੰ ਕਰਨ ਯੀਸ਼ੂ, ਪਤਰਸ ਅਤੇ ਵਾਚਕ,। ਯੀਸ਼ੂ ਇੱਕ ਤੌਲੀਆ ਅਤੇ ਪਾਣੀ ਦਾ ਡੌਂਗਾ ਫੜ ਕੇ ਰੱਖੇ।
- ਛੌਟੇ ਬੱਚੇ ਇਹ ਹਿੱਸੇ ਕਰਨ ਪਤਰਸ, ਯਹੂੰਦਾ ਅਤੇ ਚੇਲੇ।

**ਵਾਚਕ:** ਯਹੂੰਨਾ 13:1–7 ਵਿੱਚ ਕਹਾਣੀ ਦਾ ਪਹਿਲਾ ਹਿੱਸਾ ਦੱਸੇ ਕਿ ਯੀਸ਼ੂ ਦੂਜਿਆਂ ਦੇ ਪੈਰ ਧੌਂਦਾ ਹੈ। ਤੱਦ ਆਖੇ, ''ਸੁਣੋ ਯੀਸ਼ੂ ਕੀ ਆਖਦਾ ਹੈ?''

**ਯੀਸ਼–** ਖਲੌ ਜਾਵੇ ਅਤੇ ਤੌਲੀਏ ਨੂੰ ਆਪਣੇ ਲੱਕ ਦੇ ਆਲੇ ਦੁਆਲੇ ਬੰਨ ਲਵੌ, ਫਿਰ ਪਤਰਸ ਦੇ ਅੱਗੇ ਗੌਡੇ ਹੇਠਾ ਕਰਕੇ ਬੈਠ ਜਾਵੇ, ਅਤੇ ਡੌਗੇਂ ਦੇ ਪਾਣੀ ਨਾਲ ਉਹਦੇ ਪੈਰ ਧੋਵੇ ਤੇ ਆਖੇ, ''ਮੈਂ ਤੁਹਾਨੂੰ ਬਹੁਤ ਜਿਆਦਾ ਪਿਆਰ ਕਰਦਾ ਹਾਂ, ਮੈ ਛੇ ਤੀ ਇਹ ਸਥਾਨ ਛੱਡ ਦਿਆਗਾ ਅਤੇ ਆਪਣੇ ਪਿਤਾ ਕੌਲ ਸੁਰਗ ਵਿੱਚ ਮੁੜ ਵਾਪਿਸ ਜਾਵਗਾਂ।''

**ਚੇਲੇ:** ਇਸ ਤਰ੍ਹਾਂ ਜ਼ੋਰ ਨਾਲ ਬੌਲਣ, ''ਨਹੀ।'' ''ਤੂੰ ਸਾਨੂੰ ਛੱਡ ਕੇ ਨਹੀ ਜਾ ਸਕਦਾ। ''ਇਥੌਂ ਨਾ ਜਾਵੀ।'' ਯੀਸ਼ੂ ਕਹਿਦਾ ਹੈ। ''ਮੇਰੇ ਕੌਲ ਤੁਹਾਨੂੰ ਕੁਝ ਸਿਖਾਣ ਲਈ ਹੁਣ ਹੈ।'' (ਤੇ ਪਤਰਸ ਦੇ ਪੈਰਾਂ ਨੂੰ ਧੌਣਾ ਸ਼ੁਰੂ ਕਰੇ)

**ਯੀਸ਼ੂ:** ''ਮੈ ਹੁਣ ਤੁਹਾਨੂੰ ਕੁਝ ਸਿੱਖਾਉਦਾ ਹਾਂ (ਪਤਰਸ ਦੇ ਪੈਰ ਧੌਣਾ ਸ਼ੁਰੂ ਕਰੇ)

**ਚੇਲੇ:** ਇਸ ਤਰ੍ਹਾਂ ਜੋਰ ਨਾਲ ਬੋਲਣ। ਕਿਉ ਯੀਸ਼ੂ ਸਾਡੇ ਪੈਰ ਇੱਕ ਦਾਸ ਵਾਂਗ ਧੋ ਰਿਹਾ ਹੈ?'' ''ਉਹ ਤਾ ਸਾਡਾ ਸੁਆਮੀ ਹੈ।'' ''ਉਹ ਸਾਡਾ ਸੇਵਕ ਨਹੀ ਹੈ।'' ਉਹਨੂੰ ਇਹ ਕਰਨਾ ਨਹੀ ਚਾਹੀਦਾ।

**ਵਾਚਕ:** ਸੁਣੋ ਪਤਰਸ ਕੀ ਕਹਿੰਦਾ ਹੈ?

**ਪਤਰਸ:** ''ਯੀਸ਼ੂ! ਰੁੱਕ! ਤੂੰ ਮੇਰੇ ਪੈਰ ਕਿਉਂ ਧੋ ਰਿਹਾ ਹੈ?'' ਤੂੰ ਤਾਂ ਮੇਰਾ ਸੁਆਮੀ ਹੈ।''

**ਯੀਸ਼ੂ:** ''ਮੈ ਹਮੇਸ਼ਾ ਉਨ੍ਹਾਂ ਦੀ ਸੇਵਾ ਕਰਦਾ ਹਾਂ, ਉਹ ਜਿੰਨ੍ਹਾਂ ਨੂੰ ਮੈ ਪਿਆਰ ਕਰਦਾ ਹਾਂ, ਤੈਨੂੰ ਮੇਰੀ ਜ਼ਰੂਰਤ ਹੈ, ਕਿ ਮੈ ਤੈਨੂੰ ਸਾਫ ਕਰਾ।''

**ਵਾਚਕ:** ਯਹੂੰਨਾ 13:8-17 ਵਿੱਚ ਕਹਾਣੀ ਦੇ ਦੂਜੇ ਹਿੱਸੇ ਨੂੰ ਦੱਸੇ। ਤੱਦ ਆਖੇ ''ਸੁਣੋ ਪਤਰਸ ਕੀ ਆਖਦਾ ਹੈ।''

**ਪਤਰਸ:** ''ਤਦ ਤਾਂ ਤੂੰ ਮੇਰਾ ਸਿਰ ਅਤੇ ਹੱਥ ਨੂੰ ਵੀ ਧੋ ਦੇ।''

**ਯੀਸ਼ੂ:** ''ਨਹੀ, ਮੈ ਉਹ ਕਰ ਦਿੱਤਾ, ਜਿਹੜੇ ਸਾਰੇ ਦੀ ਤੈਨੂੰ ਲੋੜ ਸੀ, ਪਰ ਕੁਝ ਵੀ ਹੋਵੇ। ਪਰ ਤੁਸੀ ਸਾਰੇ ਦੇ ਸਾਰੇ ਸਾਫ ਨਹੀ ਹੋ। ਤੁਹਾਡੇ ਵਿੱਚੋ ਇੱਕ ਦਾ ਦਿੱਲ ਸਾਫ ਨਹੀ ਹੈ।

**ਚੇਲੇ:-** ਇਸ ਤਰ੍ਹਾਂ ਜ਼ੋਰ ਨਾਲ ਬੋਲਣ, ਉਹ ਦਾ ਕੀ ਮਤਲਬ? ''ਉਹ ਕੌਣ ਹੈ? ਜਿਹਦਾ ਦਿਲ ਸਾਫ ਨਹੀ ਹੈ?''

**ਵਾਚਕ:** ''ਸੁਣੋ ! ਯਹੂੰਦਾ ਆਪਣੇ ਦਿੱਲ ਵਿੱਚ ਕੀ ਸੋਚ ਰਿਹਾ ਹੈ।''


**ਯਹੂੰਦਾ:-** ਸੁਣਨ ਵਾਲਿਆਂ ਦੇ ਵੱਲ ਜਾਵੇ ਤਾਂ ਉਨ੍ਹਾਂ ਨੂੰ ਆਖੇ, ''ਯੀਸ਼ੂ ਨੂੰ ਰੋਮੀ ਰਾਜਨੀਤਕ ਦੇ ਦਬਾਉ ਤੇ ਸਾਨੂੰ ਅਜਾਦ ਨਹੀ ਕਰਾਏਗਾ ਜਿਵੇ ਮੈਂ ਸੋਚਿਆ। ਮੈ ਇਹਨੂੰ ਵੇਚ ਦਿੱਤਾ ਹੈ, ਉਹਦੇ ਵੈਰੀਆਂ ਨੂੰ।'' (ਛੱਡ ਦਿਉ)

**ਯੀਸ਼ੂ:** ''ਮੈ ਤੁਹਾਡਾ ਸਿੱਖਿਆ ਦੇਣ ਵਾਲਾ ਅਤੇ ਪਰਮੇਸ਼ਵਰ ਹਾਂ, ਪਰ ਮੈਂ ਤੁਹਾਡੇ ਪੈਰ ਇੱਕ ਸੇਵਾਦਾਰ ਦੇ ਵਾਂਗ ਧੋਤੇ, ਤੁਹਾਨੂੰ ਵੀ ਇੱਕ ਦੂਜੇ ਨਾਲ ਇਸੇ ਤਰ੍ਹਾਂ ਕਰਨਾ ਹੈ। ਤੁਹਾਨੂੰ ਜਰੂਰ ਇੱਕ ਦੂਜੇ ਦੀ ਸੇਵਾ ਨਿਮਰਤਾ ਨਾਲ ਕਰਨੀ ਹੈ। ਤਦ ਮੈਂ ਤੁਹਾਨੂੰ ਅਸੀਸ ਦੇਵਾਂਗਾ।''

**ਪਤਰਸ:** ''ਤੂੰ ਸਾਨੂੰ ਇਸ ਤਰ੍ਹਾਂ ਦੀਆਂ ਚੰਗੀਆਂ ਉਦਾਹਰਣਾ ਨਾਲ ਸਿਖਾ। ਅਸੀ ਇੰਨਾ ਨੂੰ ਕਦੇ ਵੀ ਭੁੱਲਾਗੇ ਨਹੀ।''

**ਵਾਚਕ:** ਹਰੇਕ ਦਾ ਧੰਨਵਾਦ ਕਰੇ, ਜਿੰਨ੍ਹਾਂ ਨੇ ਇਹ ਨਾਟਕ ਵਿੱਚ ਮੱਦਦ ਕੀਤੀ ਹੈ।

**ਪ੍ਰਸ਼ਨ:** ਜੇਕਰ ਇਸ ਕਹਾਣੀ ਦਾ ਨਾਟਕ ਬੱਚਿਆਂ ਨੇ ਬਾਲਿਗਾਂ ਵਾਸਤੇ ਪੇਸ਼ ਕੀਤਾ ਹੈ, ਤਾਂ ਉਨ੍ਹਾਂ ਨੂੰ ਬਾਲਿਗਾਂ ਕੋਲੋਂ, ਉਹ ਉੱਤੇ ਦਿੱਤੀ ਗਈ ਸੂਚੀ ਦੇ ਪ੍ਰਸ਼ਨਾ ਨੂੰ ਪੁੱਛਣ ਦਿਉ।



ਯਾਦ ਕਰੋ। ਪਤਰਸ 5:5 ਇਸੇ ਤਰ੍ਹਾਂ ਤੇ ਜੁਆਨੋ, ਬੁਜ਼ਰਗਾਂ ਦੇ ਅਧੀਨ ਹੋਏ, ਸਗੋਂ ਤੁਸੀਂ ਸੱਭ ਇੱਕ ਦੂਜੇ ਦੀ ਟਹਿਲ ਕਰਨ ਲਈ ਮਨ ਦੀ ਹਲੀਮੀ ਨਾਲ ਲੱਕ ਬੰਨੋ, ਇਸ ਲਈ ਜੋ ਪਰਮੇਸ਼ਵਰ ਹੰਕਾਰੀਆ ਦਾ ਸਾਮਹਣਾ ਕਰਦਾ ਹੈ ਪਰ ਹਲੀਮਾ ਨੂੰ ਕਿਰਪਾ ਬਖਸ਼ਦਾ ਹੈ।

ਆਖੋ, ਕਿਸ ਤਰ੍ਹਾਂ ਅਸੀਂ ਦੂਜਿਆਂ ਲੋਕਾਂ ਦੀ ਸੇਵਾ ਨਿਮਰਤਾ ਨਾਲ ਕਰ ਸਕਦੇ ਹਾਂ? (ਬੱਚਿਆਂ ਨੂੰ ਉਦਾਹਰਣਾ ਦੇਣ ਦਿਉ)

ਯੀਸ਼ੂ ਨੇ ਇੱਕ ਪਾਪੀ ਔਰਤ ਨੂੰ ਉਹਦੇ ਹੰਝੂਆਂ ਨਾਲ ਆਪਣੇ ਪੈਰ ਧੋਣ ਦਿੱਤੇ ਅਤੇ ਉਹ ਨੂੰ ਆਪਣੇ ਵਾਲਾਂ ਨਾਲ ਪੈਰਾ ਨੂੰ ਸਕਾਉਣ ਦਿਤਾ ।ਇੱਕ ਧਾਰਮਿਕ ਬੰਦਾ, ਜਿਹਦੇ ਘਰ ਵਿੱਚ ਇਹ ਭੀੜ ਸੀ, ਯੀਸ਼ੂ ਦਾ ਵਿਰੋਧ ਕੀਤਾ ਤੇ ਉਸਨੂੰ ਇਹ ਕਰਨ ਤੋਂ ਰੋਕਿਆ। ਯੀਸ਼ੂ ਨੇ ਉੱਤਰ ਦਿੱਤਾ, ਉਹ ਜਿੰਨ੍ਹਾਂ ਦਾ ਜਿਆਦਾ ਮਾਫ ਕੀਤਾ ਗਿਆ, ਉਹ ਜਿਆਦਾ ਪਿਆਰ ਕਰਦੇ ਨੇ, ਅਤੇ ਉਹਨੇ ਉਹਦੇ ਪਾਪਾਂ ਨੂੰ ਮਾਫ ਕਰ ਦਿੱਤਾ। (ਲੂੱਕਾ 17:37-48)



ਇੱਕ ਪੈਰਾ ਦੀ ਤਸਵੀਰ ਬਣਾਉ, ਬੱਚਿਆਂ ਨੂੰ ਅਰਾਧਨਾ ਵੇਲੇ ਇਹ ਤਸਵੀਰ ਬਾਲਿਗਾ ਨੂੰ ਦਿਖਾਉਣ ਦਿਉ ਅਤੇ ਸਮਝਾਉ, ਇਹ ਤਸਵੀਰ ਸਾਨੂੰ ਦਸਦੀ ਹੈ ਕਿ ਸਾਨੂੰ ਇੱਕ ਦੂਜੇ ਦੀ ਸੇਵਾ ਨਿਮਰਤਾ ਨਾਲ ਕਰਨੀ ਹੈ। ਉਸੇ ਤਰ੍ਹਾਂ ਜਿਵੇ ਯੀਸ਼ੂ ਨੇ ਆਪਣੇ ਚੇਲਿਆਂ ਦੇ ਪੈਰ ਧੋਤੇ ਅਤੇ ਉਨ੍ਹਾਂ ਦੀ ਸੇਵਾ ਕੀਤੀ।

ਦੁਹਰਾਉ, ਚਾਰ ਬੱਚੇ ਹਰੇਕ ਬੱਚਾ ਇੱਕ ਆਇਤ ਫਿਲੱਪੀਆ 2:3-8 ਵਿੱਚੋ ਦੁਹਰਾਉ।

ਧੜੇ ਬਾਜ਼ੀਆਂ ਅਤੇ ਫੋਕੇ ਘਮੰਡ ਨਾਲ ਕੁਝ ਨਾ ਕਰੋ, ਸਗੋਂ ਤੁਸੀਂ ਅਧੀਨਗੀ ਨਾਲ ਇੱਕ ਦੂਜੇ ਨੂੰ ਆਪਣੇ ਆਪ ਤੋਂ ਉਤਮ ਜਾਣੋ। ਤੁਹਾਡੇ ਵਿਚੋਂ ਹਰੇਕ ਜਣਾ ਆਪਣੇ ਹੀ ਹਾਲ ਉੱਤੇ ਨਹੀ, ਸਗੋਂ ਹਰੇਕ ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰੋ। ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸ਼ੀਹ ਯੀਸ਼ੂ ਦਾ ਸੀ। ਕਿ ਉਸ ਨੇ ਪਰਮੇਸ਼ਵਰ ਦੇ ਸਰੂਪ ਵਿੱਚ ਹੋ ਕੇ, ਪਰਮੇਸ਼ਵਰ ਦੇ ਤੁੱਲ ਹੋਣਾ, ਕਬਜ਼ੇ ਵਿੱਚ ਰੱਖਣ ਦੀ ਚੀਜ਼ ਨਾ ਜਾਣਿਆ। ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆਂ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ। ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬੀ ਮੌਤ ਤਾਈ, ਆਗਿਆਕਾਰ ਬਣਿਆ।

**ਪ੍ਰਾਥਨਾ**: ''ਯੀਸ਼ੂ, ਸਾਡਾ ਪਰਮੇਸ਼ਵਰ ਅਤੇ ਸਾਡਾ ਸਿੱਖਿਆ ਦੇਣ ਵਾਲਾ ਹੈ। ਅਸੀ ਤੇਰੀ ਵਡਿਆਈ ਕਰਦੇ ਹਾਂ ਕਿਉਕਿ ਤੂੰ ਦੂਜਿਆਂ ਦੀ ਸੇਵਾ ਨਿਮਰਤਾ ਨਾਲ ਕੀਤੀ। ਸਾਡੀ ਮੱਦਦ ਕਰ ਕਿ ਅਸੀ ਵੀ ਤੇਰੀਆਂ ਉਦਾਹਰਣਾ ਨੂੰ ਮੰਨ ਸਕੀਏ। ਸਾਡੀ ਦੂਜਿਆ ਦੀ ਸੇਵਾ ਕਰਨ ਵਿੱਚ ਵੀ ਮੱਦਦ ਕਰ।

Copyright 2004 © by Paul-Timothy. May be freely copied. Download from www.Paul-Timothy.net